ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.) ਪੰਜਾਬ, ਐਸ. ਏ. ਐਸ. ਨਗਰ।

( ਅਮਲਾ – 2 ਸ਼ਾਖਾ )

ਵੱਲ

1) ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਪੰਜਾਬ ।

2) ਸਮੂਹ ਸਕੂਲ ਮੁੱਖੀ ਪੰਜਾਬ ।

ਮੀਮੋ ਨੰ 274270/ 2022331015

ਮਿਤੀ - 17-12-2022

ਵਿਸ਼ਾ ਵੈਬ ਸਾਈਟ ਤੇ ਸਮੂਹ ਅਧਿਆਪਕਾਂ ਦਾ ਡਾਟਾ ਅਪਡੇਟ ਕਰਨ ਸਬੰਧੀ।

1.0 ਉਪਰੋਕਤ ਵਿਸ਼ੇ ਸਬੰਧੀ ਦੱਸਿਆ ਜਾਂਦਾ ਹੈ ਕਿ ਵਿਭਾਗ ਵੱਲੋਂ ਵੱਖ ਵੱਖ ਵਿਸ਼ਿਆਂ ਦੀਆਂ ਮਾਸਟਰ ਕਾਡਰ ਦੀਆਂ ਆਸਾਮੀਆਂ ਦੀ ਭਰਤੀ ਕੀਤੀ ਜਾ ਰਹੀ ਹੈ, ਜਿਨ੍ਹਾਂ ਨੂੰ ਜਲਦ ਤੋਂ ਜਲਦ ਸਟੇਸ਼ਨ ਅਲਾਟ ਕੀਤੇ ਜਾਣੇ ਹਨ। ਇਸ ਲਈ ਸਮੂਹ ਸਕੂਲ ਮੁੱਖੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਆਪਣੇ ਅਧਿਆਪਕਾਂ ਦਾ ਡਾਟਾ ਜਿਵੇਂ ਕਿ ਜੇਕਰ ਕੋਈ ਅਧਿਆਪਕ ਸੇਵਾ-ਮੁਕਤ ਹੋ ਗਿਆ ਹੈ/ ਬਦਲੀ ਹੋ ਚੁੱਕੀ ਹੈ / ਤਰੱਕੀ ਹੋ ਚੁੱਕੀ ਹੈ / ਕਿਸੇ ਦੀ ਮੌਤ ਹੋ ਚੁੱਕੀ ਹੈ ਆਦਿ ਦਾ ਡਾਟਾ ਵੈਬ-ਸਾਈਟ ਤੇ ਮਿਤੀ 19.12.2022 ਨੂੰ ਸ਼ਾਮ 5.00 ਵਜੇ ਤੱਕ ਅਪਡੇਟ ਕਰਨਾ ਯਕੀਨੀ ਬਣਾਉਣਗੇ ਤਾਂ ਜੋ ਉਕਤ ਅਧਿਆਪਕਾਂ ਨੂੰ ਸਟੇਸ਼ਨ ਅਲਾਟ ਕਰਨ ਸਮੇਂ ਖਾਲੀ ਅਸਾਮੀਆਂ ਦਾ ਡਾਟਾ ਤਿਆਰ ਕੀਤਾ ਜਾ ਸਕੇ।

2.0 ਜੇਕਰ ਕਿਸੇ ਸਕੂਲ ਮੁੱਖੀ ਵੱਲੋਂ ਡਾਟਾ ਅਪਡੇਟ ਨਾ ਕਰਨ ਕਰਕੇ ਪੋਰਟਲ ਤੇ ਗਲਤ ਆਸਾਮੀ ਖਾਲੀ/ਭਰੀ ਵਿਖਾਈ ਗਈ ਤਾਂ ਇਸ ਦੀ ਪੂਰੀ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

3.0 ਇਸ ਨੂੰ ਪਰਮ ਅਗੇਤ ਸਮੱਝਿਆ ਜਾਵੇ।

ਸਹਾਇਕ ਡਾਇਰੈਕਟਰ (ਸ.ਪ੍ਰ.2)